# Vice President addresses the first plenary Session of the 13th ASEM Summit

November 25, 2021

---

## ਉਪ ਰਾਸ਼ਟਰਪਤੀ ਨੇ ਕੀਤਾ 13ਵੇਂ ASEM ਸਿਖਰ ਸੰਮੇਲਨ ਦੇ ਪਹਿਲੇ ਆਮ ਸਤਰ ਨੂੰ ਸੰਬੋਧਤ

### 25 ਨਵੰਬਰ, 2021

**ਉਪ ਰਾਸ਼ਟਰਪਤੀ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਅਤੇ ਹੋਰ ਪ੍ਰਮੁੱਖ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਸੁਧਾਰ ਕਰਨ ਦੀ ਮੰਗ ਕੀਤੀ**

**ਉਨ੍ਹਾਂ ਨੇ ਕਿਹਾ ਕਿ ਅਜੋਕੇ ਸੰਸਾਰ ਦੀਆਂ ਚੁਣੌਤੀਆਂ ਪੁਰਾਣੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਤਿਆਰ ਕੀਤੀਆਂ ਗਈਆਂ ਪ੍ਰਣਾਲੀਆਂ ਨਾਲ ਹੱਲ ਨਹੀਂ ਕੀਤੀਆਂ ਜਾ ਸਕਦੀਆਂ ਹਨ।**

**ਸ਼ਾਂਤੀ ਨਾ ਹੋਣ ਦਾ ਵਿਕਾਸ ‘ਤੇ ਅਸਰ ਪੈਂਦਾ ਹੈ ਅਤੇ ਵਿਕਾਸ ਦਾ ਨ ਹੋਣਾ ਹਿੰਸਾ ਅਤੇ ਅਸਥਿਰਤਾ ਪੈਦਾ ਕਰਨ ਲਈ ਉਪਜਾਊ ਜ਼ਮੀਨ ਹੈ - ਉਪ ਰਾਸ਼ਟਰਪਤੀ**

**ਸੁਧਾਰਿਆ ਬਹੁਪੱਖਵਾਦ ਭਾਰਤ ਵੱਲੋਂ ਅਪਣਾਇਆ ਗਿਆ ਪ੍ਰਮੁੱਖ ਸੰਚਾਲਨ ਸਿਧਾਂਤ ਹੈ - ਉਪ ਰਾਸ਼ਟਰਪਤੀ**

**ਉਪ ਰਾਸ਼ਟਰਪਤੀ ਨੇ 13ਵੇਂ ASEM ਸਿਖਰ ਸੰਮੇਲਨ ਦੇ ਆਮ ਸਤਰ ਨੂੰ ਸੰਬੋਧਤ ਕੀਤਾ**

ਉਪ ਰਾਸ਼ਟਰਪਤੀ ਸ਼੍ਰੀ ਐਮ. ਵੈਂਕਈਆ ਨਾਇਡੂ ਨੇ ਅੱਜ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਅਤੇ ਹੋਰ ਪ੍ਰਮੁੱਖ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਸੁਧਾਰ ਲਿਆਉਣ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਉਹ ਅੱਜ ਦੀਆਂ ਸਮਕਾਲੀ ਹਕੀਕਤਾਂ ਨੂੰ ਦਰਸਾਉਣ ਅਤੇ ਸਮਕਾਲੀ ਚੁਣੌਤੀਆਂ ਨਾਲ ਨਜਿੱਠਣ ਵਿੱਚ ਸਮਰੱਥ ਹੋ ਸਕਣ।

ਅੱਜ ਨਵੀਂ ਦਿੱਲੀ ਤੋਂ ਵਰਚੁਅਲ ਮਾਧਿਅਮ ਰਾਹੀਏਂ 13ਵੇਂ ASEM ਸਿਖਰ ਸੰਮੇਲਨ ਦੇ ਆਮ ਸਤਰ ਨੂੰ ਸੰਬੋਧਤ ਕਰਦਿਆਂ ਉਪ ਰਾਸ਼ਟਰਪਤੀ ਨੇ ਕਿਹਾ ਕਿ ਦੁਨਿਆਂ ਅੱਗੇ ਅੱਜ ਤੇਜ਼ੀ ਨਾਲ ਆਰਥਿਕ, ਤਕਨੀਕੀ ਅਤੇ ਸੁਰੱਖਿਆ ਚੁਣੌਤੀਆਂ ਆ ਰਹੀਆਂ ਹਨ, ਜਿਨ੍ਹਾਂ ਨਾਲ ਇਹ ਜੂਝ ਰਹੀ ਹੈ ਅਤੇ ਮੌਜੂਦਾ ਬਹੁ-ਪੱਖੀ ਪ੍ਰਣਾਲੀ ਇੰਨਾਂ ਚੁਣੌਤੀਆਂ ਨੂੰ ਕਾਰਗਰ ਹੁੰਗਾਰਾ ਦੇਣ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸੁਧਰਿਆ ਹੋਇਆ ਬਹੁਪੱਖਵਾਦ ਭਾਰਤ ਵੱਲੋਂ ਮੌਜੂਦਾ ਆਲਮੀ ਸੰਸਥਾਗਤ ਢਾਂਚੇ ਦੇ ਉਦੇਸ਼ਪੂਰਨ ਸੁਧਾਰ ਲਈ ਅਪਣਾਇਆ ਗਿਆ ਪ੍ਰਮੁੱਖ ਸੰਚਾਲਨ ਸਿਧਾਂਤ ਹੈ।

ਅੱਜ ਸ਼ੁਰੂ ਹੋਏ ਦੋ-ਰੋਜ਼ਾ ਸਿਖਰ ਸੰਮੇਲਨ ਦੀ ਮੇਜ਼ਬਾਨੀ ਕੰਬੋਡੀਆ ਦੁਆਰਾ ਵਰਚੁਅਲ ਫਾਰਮੈਟ ਵਿੱਚ ਕੀਤੀ ਜਾ ਰਹੀ ਹੈ ਅਤੇ ਇਸਦਾ ਵਿਸ਼ਾ ਹੈ "ਸਾਂਝੇ ਵਿਕਾਸ ਲਈ ਮਜ਼ਬੂਤ ਬਹੁਪੱਖੀਵਾਦ"। ASEM-13 ਵਿੱਚ ਭਾਰਤੀ ਵਫ਼ਦ ਦੀ ਅਗਵਾਈ ਉਪ ਰਾਸ਼ਟਰਪਤੀ ਸ਼੍ਰੀ ਐਮ. ਵੈਂਕਈਆ ਨਾਇਡੂ ਨੇ ਕੀਤੀ, ਜੋ ਭਲਕੇ ਸਿਖਰ ਸੰਮੇਲਨ ਦੇ ਰੀਟਰੀਟ ਸਤਰ ਨੂੰ ਵੀ ਸੰਬੋਧਤ ਕਰਨਗੇ।

ਇਹ ਗੱਲ ਕਹਿੰਦੇ ਹੋਏ ਸ਼ਾਂਤੀ ਦੇ ਨਾ ਹੋਣ 'ਤੇ ਵਿਕਾਸ ਨੂੰ ਨੁਕਸਾਨ ਹੁੰਦਾ ਹੈ, ਸ਼੍ਰੀ ਨਾਇਡੂ ਨੇ ਇਹ ਵੀ ਉਜਾਗਰ ਕੀਤਾ ਕਿ ਵਿਕਾਸ ਦੀ ਕਮੀ ਅਤੇ ਆਰਥਿਕ ਤਰੱਕੀ ਵਿੱਚ ਰੁਕਾਵਟ ਨਾਲ ਹਿੰਸਾ ਅਤੇ ਅਸਥਿਰਤਾ ਲਈ ਉਪਜਾਊ ਜ਼ਮੀਨ ਤਿਆਰ ਹੁੰਦੀ ਹੈ। ਇਸ ਲਈ ਉਨ੍ਹਾਂ ਨੇ ਆਰਥਿਕ ਗਤੀਵਿਧੀ ਨੂੰ ਉਤਸ਼ਾਹਿਤ ਕਰਨ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਨੂੰ ਵਧਾਉਣ ਲਈ ਯਤਨ ਕਰਨ ਦਾ ਸੱਦਾ ਦਿੱਤਾ ਅਤੇ ਸੁਝਾਅ ਦਿੱਤਾ ਕਿ ਕੋਵਿਡ-19 ਮਹਾਂਮਾਰੀ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਦੇਸ਼ਾਂ ਦੀ ਬਹਾਲੀ ਲਈ ਲੰਮਾ ਸਫ਼ਰ ਤੈਅ ਕਰਨਾ ਪਵੇਗਾ। ਆਲਮੀ ਪੱਧਰ 'ਤੇ ਲਗਾਤਾਰ ਅਸੁਰੱਖਿਆ ਦੇ ਕਾਰਨਾਂ ਨੂੰ ਘਟਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਉਪ ਰਾਸ਼ਟਰਪਤੀ ਨੇ ਆਲਮੀ ਸ਼ਾਂਤੀ ਅਤੇ ਸੁਰੱਖਿਆ ਨੂੰ ਕਾਇਮ ਰੱਖਣ ਲਈ ਜ਼ਿੰਮੇਵਾਰ ਅੰਤਰਰਾਸ਼ਟਰੀ ਢਾਂਚੇ ਵਿਚ ਸੁਧਾਰਾਂ ਦੀ ਲੋੜ 'ਤੇ ਜ਼ੋਰ ਦਿੱਤਾ।

ਇਹ ਵਿਚਾਰ ਰੱਖਦੇ ਹੋਏ ਕਿ ਅਜੋਕੇ ਗਤੀਸ਼ੀਲ ਅਤੇ ਆਪਸੀ ਤੌਰ 'ਤੇ ਨਿਰਭਰ ਸੰਸਾਰ ਦੀਆਂ ਬਹੁਤ ਸਾਰੀਆਂ ਚੁਣੌਤੀਆਂ ਅਤੀਤ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਤਿਆਰ ਕੀਤੀਆਂ ਗਈਆਂ ਪ੍ਰਣਾਲੀਆਂ ਰਾਹੀਂ ਹੱਲ ਨਹੀਂ ਕੀਤਾ ਜਾ ਸਕਦਾ ਹੈ, ਸ਼੍ਰੀ ਨਾਇਡੂ ਨੇ ਅੰਤਰਰਾਸ਼ਟਰੀ ਸਹਿਯੋਗ ਦੀ ਫਿਰ ਤੋਂ ਕਲਪਨਾ ਕਰਨ ਅਤੇ ਇਸਦੀ ਅਭਿਲਾਸ਼ਾ ਨੂੰ ਹੋਰ ਅੱਗੇ ਵਧਾਉਣ ਦੀ ਤੁਰੰਤ ਲੋੜ ਪ੍ਰਗਟ ਕੀਤੀ। "ਤਾਲਮੇਲ-ਰਹਿਤ ਆਲਮੀ ਹੁੰਗਾਰੇ ਦੀ ਘਾਟ ਨੇ ਹੀ ਅੱਜ ਦੀ ਮੌਜੂਦਾ ਬਹੁਪੱਖੀ ਪ੍ਰਣਾਲੀ ਦੀਆਂ ਕਮਜ਼ੋਰੀਆਂ ਨੂੰ ਉਜਾਗਰ ਕੀਤਾ ਹੈ," ਉਨ੍ਹਾਂ ਨੇ ਕਿਹਾ।

ਉਪ ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਮਹਾਂਮਾਰੀ ਕਾਰਨ ਗੈਰ-ਭਰੋਸੇਮੰਦ ਆਲਮੀ ਗਲੋਬਲ ਸਪਲਾਈ ਚੇਨ ਤੋਂ ਲੈਕੇ ਗੈਰ ਬਰਾਬਰ ਤਰੀਕੇ ਨਾਲ ਟੀਕੇ ਦੀ ਵੰਡ ਤੱਕ ਦੀਆਂ ਕਮਜ਼ੋਰੀਆਂ ਉਜਾਗਰ ਹੋਈਆਂ ਹਨ, ਜਿਨ੍ਹਾਂ ਨੇ ਆਲਮੀ ਏਕਤਾ ਦੀ ਲੋੜ ਨੂੰ ਰੇਖਾਂਕਿਤ ਕੀਤਾ ਹੈ ਅਤੇ ਬਹੁਪੱਖਵਾਦ ਨੂੰ ਮਜ਼ਬੂਤ ਕੀਤਾ ਹੈ। ਇਹ ਕਹਿੰਦੇ ਹੋਏ ਕਿ ਮਹਾਂਮਾਰੀ ਤੋਂ ਬਾਅਦ ਦੀ ਪੁਨਰ-ਕਲਪਿਤ ਦੁਨੀਆ ਬਹੁ-ਪੱਖੀ ਪ੍ਰਣਾਲੀ ਤੋਂ ਬਹੁਤ ਵੱਖਰੀਆਂ ਮੰਗਾਂ ਕਰੇਗੀ, ਉਨ੍ਹਾਂ ਨੇ ਅੰਤਰਰਾਸ਼ਟਰੀ ਆਰਥਿਕ ਸਹਿਯੋਗ ਲਈ ਚਾਰ ਮਹੱਤਵਪੂਰਨ ਖੇਤਰਾਂ ਜਿਵੇਂ ਲਚਕੀਲੀ ਅਤੇ ਭਰੋਸੇਮੰਦ ਸਪਲਾਈ ਚੇਨ, ਸਿਹਤ ਸੁਰੱਖਿਆ, ਵਿਕਾਸ ਲਈ ਡਿਜੀਟਲ ਅਤੇ ਹਰੀ ਅਤੇ ਟਿਕਾਊ ਬਹਾਲੀ ਦੀ ਸ਼ਿਨਾਖ਼ਤ ਕੀਤੀ ।

ਉਪ ਰਾਸ਼ਟਰਪਤੀ ਨੇ 1996 ਵਿੱਚ ਸਥਾਪਿਤ ASEM ਪ੍ਰਕਿਰਿਆ ਦੀ 25ਵੀਂ ਵਰ੍ਹੇਗੰਢ 'ਤੇ ਸਾਰੇ ਭਾਗ ਲੈਣ ਵਾਲੇ ਮੈਂਬਰਾਂ ਨੂੰ ਵਧਾਈ ਦਿੱਤੀ। ਆਲਮੀ ਚਿੰਤਾ ਦੇ ਮੁੱਦਿਆਂ ਨੂੰ ਸੁਲਝਾਉਣ ਲਈ ਦੋਵਾਂ ਮਹਾਂਦੀਪਾਂ ਦੇ ਆਗੂਆਂ ਅਤੇ ਲੋਕਾਂ ਨੂੰ ਇਕੱਠੇ ਲਿਆਉਣ ਲਈ ASEM ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੇ ਸਹਿਕਾਰੀ ਬਹੁਪੱਖਵਾਦ ਦੀਆਂ ਤਾਕਤਾਂ ਨੂੰ ਮਜ਼ਬੂਤੀ ਦੇਣ ਲਈ ਕੰਮ ਕਰਨ ਪ੍ਰਤੀ ਭਾਰਤ ਦੀ ਵਚਨਬੱਧਤਾ ਦੁਹਰਾਈ।

ਨਵੀਂ ਦਿੱਲੀ
25 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.